# ਤੁਹਾਡੀ ਪਰੀਖਿਆ

### ਤੁਹਾਨੂੰ ਕੀ ਜਾਣਨ ਦੀ ਲੋੜ ਹੈ

# ਤੁਹਾਡੀ ਪਰੀਖਿਆ

ਇਹ ਗਾਈਡ ਤੁਹਾਨੂੰ ਦੱਸਦੀ ਹੈ ਕਿ ਤੁਹਾਨੂੰ ਆਪਣੀ ਪਰੀਖਿਆ ਬਾਰੇ ਕੀ ਜਾਣਨ ਦੀ ਲੋੜ ਹੈ। ਇਸ ਵਿਚ ਜ਼ਰੂਰੀ ਜਾਣਕਾਰੀ ਅਤੇ ਉਹ ਨਿਯਮ ਹਨ ਜੋ ਤੁਹਾਨੂੰ ਆਪਣੀ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਪੜ੍ਹਨੇ ਚਾਹੀਦੇ ਹਨ, ਭਾਵੇਂ ਤੁਸੀਂ ਪਹਿਲਾਂ ਵੀ ਪਰੀਖਿਆ ਦਿੱਤੀ ਹੋਵੇ।

ਇਹ ਮਹੱਤਵਪੂਰਨ ਹੈ ਕਿ ਤੁਸੀਂ ਇਸ ਗਾਈਡ ਵਿਚਲੇ ਨਿਯਮਾਂ ਨੂੰ ਸਮਝੋ ਅਤੇ ਉਨ੍ਹਾਂ ਦੀ ਪਾਲਣਾ ਕਰੋ, ਜੋ ਇਹ ਯਕੀਨੀ ਬਣਾਉਣ ਲਈ ਬਣਾਏ ਗਏ ਹਨ ਕਿ ਪਰੀਖਿਆ ਹਰੇਕ ਲਈ ਨਿਰਪੱਖ ਹੋਵੇ।

ਜੇਕਰ ਤੁਹਾਨੂੰ ਨਿਯਮਾਂ ਬਾਰੇ ਪੱਕਾ ਯਕੀਨ ਨਹੀਂ ਹੈ, ਤਾਂ ਆਪਣੇ ਅਧਿਆਪਕ ਜਾਂ ਲੈਕਚਰਾਰ ਨਾਲ ਗੱਲ ਕਰੋ। ਉਹ ਤੁਹਾਨੂੰ ਦੱਸ ਸਕਣਗੇ ਕਿ ਜੇ ਤੁਸੀਂ ਨਿਯਮਾਂ ਨੂੰ ਤੋੜਦੇ ਹੋ ਤਾਂ ਕੀ ਹੋ ਸਕਦਾ ਹੈ। ਤੁਹਾਡੇ ਲਈ ਇਹ ਜਾਣਕਾਰੀ ਆਪਣੇ ਮਾਪਿਆਂ ਜਾਂ ਦੇਖਭਾਲਕਰਤਾ ਦੇ ਨਾਲ ਸਾਂਝੀ ਕਰਨੀ ਅਤੇ ਇਸ ਬਾਰੇ ਵਿਚਾਰ ਵਟਾਂਦਰਾ ਕਰਨਾ ਲਾਭਦਾਇਕ ਹੋ ਸਕਦਾ ਹੈ।

ਤਿਆਰੀ ਕਰਨੀ ਯਾਦ ਰੱਖੋ, ਸ਼ਾਂਤ ਰਹੋ ਅਤੇ ਆਪਣੇ ਵੱਲੋਂ ਸਰਬੋਤਮ ਕਰੋ।

ਤੁਹਾਨੂੰ **www.sqa.org.uk/learners** ‘ਤੇ ਹੋਰ ਵਧੇਰੇ ਲਾਭਦਾਇਕ ਜਾਣਕਾਰੀ ਪ੍ਰਾਪਤ ਹੋਵੇਗੀ।

**ਹੋਰ ਸਹਾਇਤਾ**

ਜੇ ਤੁਹਾਨੂੰ ਵਾਧੂ ਸਹਾਇਤਾ ਦੀ ਲੋੜ ਹੈ, ਤਾਂ ਇਹ ਦਿਖਾਉਣ ਲਈ ਤੁਹਾਨੂੰ ਇੱਕ ਬਰਾਬਰ ਮੌਕਾ ਦੇਣ ਲਈ ਪ੍ਰਬੰਧ ਕੀਤੇ ਜਾ ਸਕਦੇ ਹਨ ਕਿ ਤੁਹਾਨੂੰ ਕੀ ਪਤਾ ਹੈ ਅਤੇ ਤੁਸੀਂ ਕੀ ਕਰ ਸਕਦੇ ਹੋ। ਤੁਹਾਨੂੰ ਇਹਨਾਂ ਪ੍ਰਬੰਧਾਂ ਬਾਰੇ ਸਾਨੂੰ ਆਖਣ ਦੀ ਲੋੜ ਨਹੀਂ ਹੈ - ਜੇ ਜ਼ਰੂਰੀ ਹੋਏ ਤਾਂ ਤੁਹਾਡਾ ਸਕੂਲ ਜਾਂ ਕਾਲਜ ਤੁਹਾਡੇ ਲਈ ਇਹਨਾਂ ਦਾ ਪ੍ਰਬੰਧ ਕਰ ਦੇਵੇਗਾ।

ਜੇ ਤੁਸੀਂ ਇਨ੍ਹਾਂ ਪ੍ਰਬੰਧਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ ਆਪਣੇ ਅਧਿਆਪਕ ਜਾਂ ਲੈਕਚਰਾਰ ਨਾਲ ਗੱਲ ਕਰੋ।

# ਆਪਣੀ ਪਰੀਖਿਆ ਦੀ ਤਿਆਰੀ ਕਰਨੀ

## ਸਮਾਂ ਸਾਰਨੀ

ਤੁਸੀਂ **www.sqa.org.uk/timetable** ਤੇ ਪਰੀਖਿਆ ਦੀ ਸਮਾਂ ਸਾਰਨੀ ਦੇਖ ਸਕਦੇ ਹੋ।

ਆਪਣੀਆਂ ਪਰੀਖਿਆਵਾਂ ਦੇ ਸਮਿਆਂ ਬਾਰੇ ਆਪਣੇ ਅਧਿਆਪਕਾਂ ਅਤੇ ਲੈਕਚਰਾਰਾਂ ਨਾਲ ਹਮੇਸ਼ਾਂ ਦੂਹਰੀ-ਜਾਂਚ ਕਰਨੀ ਚਾਹੀਦੀ ਹੈ, ਕਿਉਂਕਿ ਸਕੂਲ ਅਤੇ ਕਾਲਜ ਸ਼ੁਰੂ ਹੋਣ ਦੇ ਸਮੇਂ ਨੂੰ ਥੋੜ੍ਹਾ ਬਦਲ ਸਕਦੇ ਹਨ।

ਯਕੀਨੀ ਬਣਾਓ ਕਿ ਤੁਹਾਨੂੰ ਪਤਾ ਹੋਵੇ ਕਿ ਤੁਸੀਂ ਕਿਨ੍ਹਾਂ ਪਰੀਖਿਆਵਾਂ ਵਿੱਚ ਬੈਠ ਰਹੇ ਹੋ, ਇਹ ਕਦੋਂ ਹਨ, ਅਤੇ ਇਹ ਕਿੱਥੇ ਹੋਣੀਆਂ ਹਨ।

ਆਪਣੇ ਅਧਿਆਪਕ ਜਾਂ ਲੈਕਚਰਾਰ ਨੂੰ ਪੁੱਛੋ ਕਿ ਉਸ ਦਿਨ SQA ਪ੍ਰੀਖਿਆਵਾਂ ਦਾ ਇੰਚਾਰਜ ਕੌਣ ਹੋਵੇਗਾ। ਤੁਹਾਨੂੰ ਉਨ੍ਹਾਂ ਬਾਰੇ ਜਾਣਨ ਦੀ ਲੋੜ ਹੈ ਤਾਂ ਜੋ ਦੇਰ ਨਾਲ ਪਹੁੰਚਣ ਤੇ ਤੁਸੀਂ ਉਨ੍ਹਾਂ ਨੂੰ ਰਿਪੋਰਟ ਕਰ ਸਕੋ।

## SQA ਐਪਾਂ

ਪਰੀਖਿਆ ਦੇ ਸਮੇਂ ਤੁਹਾਨੂੰ ਸਹਾਇਤਾ ਦੇਣ ਲਈ ਮੁਫ਼ਤ ਐਪਾਂ ਉਪਲਬਧ ਹਨ।

<insert MyExams graphic>

**MyExams** ਐਪ ਤੁਹਾਨੂੰ ਆਪਣੀ ਨਿੱਜੀ ਸਮਾਂ ਸਾਰਨੀ ਨੂੰ ਬਨਾਉਣ ਅਤੇ ਦੇਖਣ ਦੀ, ਟਿੱਪਣੀਆਂ ਨੂੰ ਸ਼ਾਮਲ ਕਰਨ, ਅਤੇ ਆਪਣੀ ਨਿੱਜੀ ਸਮਾਂ ਸਾਰਨੀ ਨੂੰ ਹੋਰ ਕੈਲੰਡਰਾਂ ਵਿੱਚ ਸ਼ਾਮਲ ਕਰਨ ਦੀ ਖੁੱਲ੍ਹ ਦਿੰਦੀ ਹੈ।

<insert MyStudyPlan graphic>

**MyStudyPlan** ਐਪ ਪੜ੍ਹਾਈ ਦੀ ਇੱਕ ਨਿੱਜੀ ਯੋਜਨਾ ਬਣਾ ਕੇ ਤੁਹਾਡੀ ਦੁਹਰਾਈ (ਰਿਵੀਜ਼ਨ) ਦਾ ਪ੍ਰਬੰਧਨ ਕਰਨ ਵਿੱਚ ਮਦਦ ਕਰਦੀ ਹੈ।

ਤੁਸੀਂ ਔਨਲਾਈਨ **ਪਰਸਨਲ ਟਾਇਮਟੇਬਲ ਬਿਲਡਰ** ਦੀ ਵਰਤੋਂ ਕਰਦੇ ਹੋਏ ਵੀ, ਆਪਣੀ ਖੁਦ ਦੀ ਨਿੱਜੀ ਪਰੀਖਿਆ ਸਮਾਂ ਸਾਰਣੀ ਬਣਾ ਸਕਦੇ ਹੋ।

ਵਧੇਰੇ ਜਾਣਕਾਰੀ ਲਈ **www.sqa.org.uk/studyplan** ਵੇਖੋ।

## ਪਿਛਲੇ ਪੇਪਰ

ਪਿਛਲੇ ਪਰੀਖਿਆ ਪੱਤਰਾਂ ਨਾਲ ਅਭਿਆਸ ਕਰਕੇ ਤੁਸੀਂ ਆਪਣੀਆਂ ਪਰੀਖਿਆਵਾਂ ਲਈ ਤਿਆਰੀ ਕਰ ਸਕਦੇ ਹੋ।

ਤੁਸੀਂ ਇਹਨਾਂ ਨੂੰ **www.sqa.org.uk/pastpaperinfo** ਤੋਂ, ਅੰਕਣ ਨਿਰਦੇਸ਼ਾਂ ਸਮੇਤ ਡਾਊਨਲੋਡ ਕਰ ਸਕਦੇ ਹੋ।

## ਤੁਹਾਡਾ Scottish Candidate Number

ਤੁਹਾਡਾ ਸਕੌਟਿਸ਼ ਪਰੀਖਿਆਰਥੀ ਨੰਬਰ ( SCN) ਤੁਹਾਡਾ ਨਿੱਜੀ ਪਛਾਣ ਨੰਬਰ ਹੈ। ਸਾਡੀਆਂ ਪ੍ਰਨਾਲੀਆਂ ਤੁਹਾਡੀਆਂ ਸਾਰੀਆਂ ਉਪਲਬਧੀਆਂ ਨੂੰ ਰਿਕਾਰਡ ਕਰਨ ਅਤੇ ਖੋਜਣ ਲਈ ਤੁਹਾਡੇ SCN ਦੀ ਵਰਤੋਂ ਕਰਦੀਆਂ ਹਨ।

ਤੁਹਾਡਾ ਸਕੂਲ ਜਾਂ ਕਾਲਜ ਤੁਹਾਨੂੰ ਤੁਹਾਡਾ SCN ਦੱਸ ਸਕਦਾ ਹੈ। ਯਕੀਨੀ ਬਣਾਓ ਤੁਹਾਨੂੰ ਇਹ ਆਪਣੀਆਂ ਪਰੀਖਿਆਵਾਂ ਤੋਂ ਪਹਿਲਾਂ ਪਤਾ ਹੋਵੇ। ਤੁਹਾਨੂੰ ਇਸ ਨੂੰ ਆਪਣੀ ਪਰੀਖਿਆ ਦੀ ਉੱਤਰ ਪੁਸਤਕਾਵਾਂ ਤੇ ਸਪਸ਼ਟ ਲਿਖਣ ਦੀ ਲੋੜ ਹੋਵੇਗੀ।

ਆਪਣੀ ਮਦਦ ਲਈ, ਤੁਸੀਂ ਇਸ ਗਾਈਡ ਦੇ ਪਿਛਲੇ ਪਾਸੇ ਦਿੱਤੇ ਕਾਰਡ (ਜਾਂ ਕਾਰਡ ਦੀ ਛਾਪੀ ਗਈ ਕਾਪੀ) ਨੂੰ ਕੱਟ ਸਕਦੇ ਹੋ ਅਤੇ SCN ਸਮੇਤ ਆਪਣੇ ਵੇਰਵਿਆਂ ਨੂੰ ਭਰ ਸਕਦੇ ਹੋ। ਤੁਹਾਨੂੰ ਇਸ ਕਾਰਡ ਨੂੰ ਪਰੀਖਿਆ ਕਮਰੇ ਵਿੱਚ ਲੈ ਕੇ ਜਾਣ ਦੀ ਇਜਾਜ਼ਤ ਹੈ, ਪਰ ਤੁਹਾਨੂੰ ਇਸ ਉੱਤੇ ਕੁੱਝ ਹੋਰ ਨਹੀਂ ਲਿਖਣਾ ਚਾਹੀਦਾ।

ਜੇ ਤੁਸੀਂ ਕਾਰਡ ਤੇ ਕੁਝ ਹੋਰ ਲਿਖਦੇ ਹੋ, ਤਾਂ ਤੁਹਾਡੇ ਪਰੀਖਿਆ ਦਾਖਲੇ ਨੂੰ ਰੱਦ ਕੀਤਾ ਜਾ ਸਕਦਾ ਹੈ। ਇਸਦਾ ਮਤਲਬ ਹੋ ਸਕਦਾ ਹੈ ਕਿ ਤੁਹਾਨੂੰ ਕੋਈ ਨਤੀਜਾ ਨਾ ਮਿਲੇ।

## ਯਕੀਨੀ ਬਣਾਓ ਕਿ ਤੁਹਾਡੇ ਵੇਰਵੇ ਸਹੀ ਹੋਣ

ਇਹ ਯਕੀਨੀ ਬਨਾਉਣ ਲਈ ਕਿ ਤੁਸੀਂ ਨਤੀਜੇ ਵਾਲੇ ਦਿਨ ਆਪਣਾ ਪ੍ਰਮਾਣ-ਪੱਤਰ ਪ੍ਰਾਪਤ ਕਰਦੇ ਹੋ, ਜਾਂਚ ਕਰੋ ਕਿ ਤੁਹਾਡੇ ਸਕੂਲ ਜਾਂ ਕਾਲਜ ਕੋਲ ਤੁਹਾਡੇ ਸਹੀ ਵੇਰਵੇ ਹੋਣ, ਜਿਸ ਵਿੱਚ ਤੁਹਾਡਾ ਸਹੀ ਨਾਮ ਅਤੇ ਪਤਾ ਸ਼ਾਮਲ ਹੈ।

ਤੁਸੀਂ ਆਪਣੇ MySQA ਅਕਾਉਂਟ ਵਿੱਚ ਲੌਗਿਨ ਕਰਕੇ ਆਪਣੇ ਨਿੱਜੀ ਵੇਰਵਿਆਂ ਦੀ ਜਾਂਚ ਕਰ ਸਕਦੇ ਹੋ। ਜੇਕਰ ਤੁਹਾਡੇ ਕੋਲ ਪਹਿਲਾਂ ਤੋਂ ਅਕਾਉਂਟ ਨਹੀਂ ਹੈ, ਤੁਸੀਂ **www.mysqa.org.uk** 'ਤੇ ਇੱਕ ਅਕਾਉਂਟ ਬਣਾ ਸਕਦੇ ਹੋ।

ਜੇਕਰ ਤੁਹਾਡੇ ਕੋਈ ਵੀ ਨਿੱਜੀ ਵੇਰਵੇ ਬਦਲਦੇ ਹਨ, ਜਾਂ ਗਰਮੀਆਂ ਦੌਰਾਨ ਬਦਲ ਜਾਣਗੇ, ਤਾਂ ਤੁਹਾਨੂੰ ਗਰਮੀਆਂ ਦੀਆਂ ਛੁੱਟੀਆਂ ਖਤਮ ਹੋਣ ਤੋਂ ਪਹਿਲਾਂ ਆਪਣੇ ਸਕੂਲ ਜਾਂ ਕਾਲਜ ਨੂੰ ਲਾਜ਼ਮੀ ਤੌਰ 'ਤੇ ਦੱਸਣਾ ਚਾਹੀਦਾ ਹੈ।

## ਤੁਹਾਡੀ ਜਾਣਕਾਰੀ

ਅਸੀਂ ਤੁਹਾਡੇ ਬਾਰੇ ਤੁਹਾਡੇ ਸਕੂਲ ਜਾਂ ਕਾਲਜ ਅਤੇ ਤੁਹਾਡੀ ਸਥਾਨਕ ਅਥਾਰਟੀ ਤੋਂ ਜਾਣਕਾਰੀ ਇਕੱਠੀ ਕਰਦੇ ਹਾਂ। ਅਸੀਂ ਤੁਹਾਡੇ ਪਰੀਖਿਆ ਪੱਤਰਾਂ ਅਤੇ ਹੋਰ ਮੁਲਾਂਕਣ ਸਮੱਗਰੀ ਤੋਂ ਵੀ ਜਾਣਕਾਰੀ ਇਕੱਤਰ ਕਰਦੇ ਹਾਂ।

ਇਹ ਸਾਰੀ ਜਾਣਕਾਰੀ ਤੁਹਾਡੀਆਂ ਯੋਗਤਾਵਾਂ ਨਾਲ ਸਬੰਧਤ ਹੁੰਦੀ ਹੈ ਅਤੇ ਅਸੀਂ ਇਸਨੂੰ ਇਨ੍ਹਾਂ ਲਈ ਵਰਤਦੇ ਹਾਂ:

- ਤੁਹਾਡੇ ਲਈ SQA ਪਰੀਖਿਆ ਦੇਣ ਅਤੇ ਮੁਲਾਂਕਣ ਕਰਨ ਦੇ ਪ੍ਰਬੰਧ ਕਰਨ ਲਈ
- ਤੁਹਾਡਾ ਸਕੌਟਿਸ਼ ਯੋਗਤਾ ਪ੍ਰਮਾਣ-ਪੱਤਰ ਪ੍ਰਦਾਨ ਅਤੇ ਜਾਰੀ ਕਰਨ ਲਈ
- ਤੁਹਾਡੇ ਵੱਲੋਂ ਆਖੀਆਂ ਗਈਆਂ ਸੇਵਾਵਾਂ ਨੂੰ ਪ੍ਰਦਾਨ ਕਰਨ ਲਈ, ਜਿਵੇਂ ਕਿ MySQA
- ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ
- ਨਿਯਮ ਤੋੜਨ ਦੇ ਸਬੂਤ ਦੀ ਪੜਤਾਲ ਲਈ - ਜਿਸਨੂੰ ਗ਼ਲਤ-ਵਿਹਾਰ ਵਜੋਂ ਜਾਣਿਆ ਜਾਂਦਾ ਹੈ।

ਅਸੀਂ ਇਸ ਦੀ ਵਰਤੋਂ ਖੋਜ ਦੇ ਉਦੇਸ਼ਾਂ ਅਤੇ ਅੰਕੜੇ ਤਿਆਰ ਕਰਨ ਲਈ ਵੀ ਕਰਦੇ ਹਾਂ।

ਅਸੀਂ ਤੁਹਾਡੀ ਕੁਝ ਜਾਣਕਾਰੀ ਦੂਜੀ ਸੰਸਥਾਵਾਂ ਨਾਲ ਸਾਂਝਾ ਕਰ ਸਕਦੇ ਹਾਂ, ਜਿਸ ਵਿੱਚ ਸਕੋਟਿਸ਼ ਗੌਰਮਿੰਟ, ਯੂਨੀਵਰਸਟੀ ਅਤੇ ਕਾਲਜ ਦਾਖਲਾ ਸਰਵਿਸ (UCAS), ਤੁਹਾਡਾ ਸਕੂਲ ਜਾਂ ਕਾਲਜ, ਅਤੇ ਸਾਡੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਹੋਰ ਸੰਸਥਾਵਾਂ ਸ਼ਾਮਿਲ ਹਨ। ਤੁਸੀਂ **www.sqa.org.uk/privacystatement** 'ਤੇ ਇਸ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਕਿ ਅਸੀਂ ਤੁਹਾਡੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ।

ਤੁਸੀਂ, ਸਾਡੇ ਕੋਲ ਰੱਖੀ ਗਈ ਤੁਹਾਡੇ ਬਾਰੇ ਜਾਣਕਾਰੀ ਦੀ ਇੱਕ ਕਾਪੀ ਲਈ ਆਖ ਸਕਦੇ ਹੋ। ਤੁਸੀਂ ਇਹ ਕਿਵੇਂ ਕਰਨਾ ਹੈ ਇਸ ਬਾਰੇ **www.sqa.org.uk/requestpersonalinformation** 'ਤੇ ਪਤਾ ਲਗਾ ਸਕਦੇ ਹੋ - 'ਮੈਂ ਇੱਕ ਵਿਸ਼ਾ ਪਹੁੰਚ ਦੀ ਬੇਨਤੀ ਕਿਵੇਂ ਕਰਾਂ (How do I make a Subject Access Request)' ਦੇ ਹੇਠਾਂ ਦੇਖੋ।

# ਤੁਹਾਡੇ ਨਤੀਜੇ

## ਆਪਣੇ ਨਤੀਜੇ ਪ੍ਰਾਪਤ ਕਰਨਾ

ਤੁਸੀਂ ਅਗਸਤ ਵਿੱਚ ਡਾਕ ਰਾਹੀਂ ਆਪਣੇ ਪਰੀਖਿਆ ਨਤੀਜੇ ਪ੍ਰਾਪਤ ਕਰੋਗੇ।

ਤੁਹਾਡਾ ਸਕੂਲ ਜਾਂ ਕਾਲਜ ਵੀ ਤੁਹਾਡੇ ਨਤੀਜੇ ਪ੍ਰਾਪਤ ਕਰੇਗਾ। ਜੇ ਤੁਸੀਂ UCAS ਦੇ ਜ਼ਰੀਏ ਕਿਸੇ ਯੂਨੀਵਰਸਿਟੀ ਜਾਂ ਕਾਲਜ ਵਿੱਚ ਅਪਲਾਈ ਕੀਤਾ ਹੈ, ਤਾਂ ਉਹ ਵੀ ਤੁਹਾਡੇ ਨਤੀਜੇ ਪ੍ਰਾਪਤ ਕਰਨਗੇ।

ਜੇਕਰ ਤੁਹਾਨੂੰ ਨਤੀਜੇ ਦੇ ਦਿਨ ਆਪਣਾ ਪ੍ਰਮਾਣ-ਪੱਤਰ ਨਹੀਂ ਮਿਲਦਾ, ਤਾਂ ਤੁਰੰਤ ਆਪਣੇ ਸਕੂਲ ਜਾਂ ਕਾਲਜ ਨਾਲ ਸੰਪਰਕ ਕਰੋ। ਉਹ ਤੁਹਾਨੂੰ ਤੁਹਾਡੇ ਨਤੀਜੇ ਦੱਸ ਸਕਣਗੇ ਅਤੇ ਇਹ ਪਤਾ ਲਗਾਉਣ ਲਈ ਸਾਡੇ ਨਾਲ ਕੰਮ ਕਰਨਗੇ ਕਿ ਤੁਹਾਡੇ ਪ੍ਰਮਾਣ-ਪੱਤਰ ਦਾ ਕੀ ਬਣਿਆ ਹੈ।

## MySQA

MySQA ਤੁਹਾਨੂੰ ਤੁਹਾਡੇ ਨਤੀਜਿਆਂ ਵਾਸਤੇ ਔਨਲਾਈਨ ਪਹੁੰਚ ਦਿੰਦਾ ਹੈ। ਸਾਈਨ ਅੱਪ ਕਰਨ ਤੋਂ ਬਾਅਦ, ਤੁਸੀਂ ਟੈਕਸਟ ਮੈਸੇਜ ਜਾਂ ਈਮੇਲ ਦੁਆਰਾ ਆਪਣੇ ਨਤੀਜੇ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ। ਤੁਸੀਂ ਫੇਰ ਵੀ ਡਾਕ ਦੁਆਰਾ ਆਪਣਾ ਸਰਟੀਫਿਕੇਟ ਪ੍ਰਾਪਤ ਕਰੋਗੇ।

ਟੈਕਸਟ ਮੈਸੇਜ ਜਾਂ ਈਮੇਲ ਦੁਆਰਾ ਆਪਣੇ ਨਤੀਜੇ ਪ੍ਰਾਪਤ ਕਰਨ ਲਈ, ਤੁਹਾਨੂੰ **www.mysqa.org.uk** ਤੇ ਸਾਈਨ ਅੱਪ ਕਰਨਾ ਹੋਵੇਗਾ।

ਯਾਦ ਰੱਖੋ, ਜੇ ਤੁਸੀਂ MySQA ਲਈ ਸਾਈਨ ਅੱਪ ਕਰਨ ਤੋਂ ਬਾਅਦ, ਆਪਣਾ ਮੋਬਾਈਲ ਨੰਬਰ ਜਾਂ ਈਮੇਲ ਪਤਾ ਬਦਲਦੇ ਹੋ, ਤਾਂ ਤੁਹਾਨੂੰ ਆਪਣਾ ਟੈਕਸਟ ਮੈਸੇਜ ਜਾਂ ਈਮੇਲ ਪ੍ਰਾਪਤ ਕਰਨ ਲਈ ਆਪਣੇ ਵੇਰਵਿਆਂ ਨੂੰ ਅਪਡੇਟ ਕਰਨ ਦੀ ਲੋੜ ਹੋਵੇਗੀ।

## ਸਹਾਇਤਾ

ਉਪਯੋਗੀ ਵੀਡੀਓ ਉਪਲਬਧ ਹਨ ਜੋ ਤੁਹਾਡੇ ਪ੍ਰਮਾਣ-ਪੱਤਰ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਤੁਸੀਂ ਇਨ੍ਹਾਂ ਨੂੰ **www.sqa.org.uk/certificate** 'ਤੇ ਦੇਖ ਸਕਦੇ ਹੋ।

ਜ਼ਿਆਦਾਤਰ ਆਮ ਸਵਾਲਾਂ ਦੇ ਉੱਤਰ ਤੁਸੀਂ **www.sqa.org.uk/faqs** ਤੇ ਵੀ ਲੱਭ ਸਕਦੇ ਹੋ।

ਤੁਸੀਂ **www.sqa.org.uk/candidateenquiryform** ਤੇ ਇੱਕ ਔਨਲਾਈਨ ਪਰੀਖਿਆਰਥੀ ਪੁੱਛ-ਗਿੱਛ ਫਾਰਮ ਭਰ ਕੇ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਜੇ ਆਪਣੇ ਸਰਟੀਫਿਕੇਟ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਸਾਡੀ ਪਰੀਖਿਆਰਥੀ ਸਲਾਹ ਲਾਈਨ (Candidate Advice Line) ਨਾਲ ਸੰਪਰਕ ਕਰੋ। ਤੁਸੀਂ 0345 279 1000 ਤੇ ਕਾਲ ਕਰ ਸਕਦੇ ਹੋ ਜਾਂ customer@sqa.org.uk ਤੇ ਈਮੇਲ ਕਰ ਸਕਦੇ ਹੋ

## ਨਤੀਜਾ ਸੇਵਾਵਾਂ

ਸਾਡੀਆਂ ਨਤੀਜਾ ਸੇਵਾਵਾਂ ਤੁਹਾਡੀ ਸਹਾਇਤਾ ਲਈ ਉਪਲਬਧ ਹਨ:

- ਪਰੀਖਿਆ ਦੇ ਸਮੇਂ ਦੌਰਾਨ, ਜੇ ਕਿਸੇ ਅਪਵਾਦਕ ਹਾਲਾਤ ਜਿਵੇਂ ਕਿ ਮੌਤ ਜਾਂ ਗੰਭੀਰ ਬਿਮਾਰੀ ਦੇ ਕਾਰਨ, ਕਿਸੇ ਪਰੀਖਿਆ 'ਚ ਤੁਹਾਡਾ ਪ੍ਰਦਰਸ਼ਨ ਪ੍ਰਭਾਵਿਤ ਹੋਇਆ ਹੈ ਜਾਂ ਤੁਸੀਂ ਪ੍ਰੀਖਿਆ' ਲਈ ਨਹੀਂ ਪਹੁੰਚ ਸਕੇ
- ਨਤੀਜਿਆਂ ਦੇ ਦਿਨ ਤੋਂ ਬਾਅਦ, ਜੇ ਤੁਹਾਡੀਆਂ ਆਪਣੇ ਗ੍ਰੇਡ ਦੇ ਬਾਰੇ ਕੋਈ ਚਿੰਤਾਵਾਂ ਹਨ।

ਜੇਕਰ ਤੁਹਾਨੂੰ ਆਪਣਾ ਪ੍ਰਮਾਣ-ਪੱਤਰ ਸਮਝ ਨਹੀਂ ਆਉਂਦਾ ਜਾਂ ਤੁਹਾਨੂੰ ਲੱਗਦਾ ਹੈ ਕਿ ਕੁਝ ਗ਼ਲਤ ਹੈ, ਤਾਂ ਆਪਣੇ ਸਕੂਲ ਜਾਂ ਆਪਣੇ ਕਾਲਜ ਦੇ ਵਿਦਿਆਰਥੀਆਂ ਦੇ ਰਿਕਾਰਡ - ਵਿਭਾਗ ਨਾਲ ਸੰਪਰਕ ਕਰੋ।

## ਜੇਕਰ ਮੇਰੇ ਪ੍ਰਮਾਣ-ਪੱਤਰ ਤੇ ਗ੍ਰੇਡ ਸਹੀ ਨਹੀਂ ਲੱਗਦੇ ਤਾਂ ਕੀ ਕੀਤਾ ਜਾਵੇ?

ਤੁਹਾਨੂੰ ਆਪਣੇ ਸਕੂਲ ਜਾਂ ਕਾਲਜ ਨਾਲ ਆਪਣੀਆਂ ਚਿੰਤਾਵਾਂ ਬਾਰੇ ਤੁਰੰਤ ਗੱਲ ਕਰਨੀ ਚਾਹੀਦੀ ਹੈ। ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਤੁਹਾਡਾ ਗ੍ਰੇਡ ਗਲਤ ਹੋ ਸਕਦਾ ਹੈ, ਤਾਂ ਉਹ ਸਾਨੂੰ ਤੁਹਾਡੇ ਕੰਮ ਦੀ ਸਮੀਖਿਆ ਕਰਨ ਲਈ ਆਖ ਸਕਦੇ ਹਨ। ਇਸ ਸਮੀਖਿਆ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ ਜੇ ਤੁਹਾਡੇ ਕੋਲ ਯੂਨੀਵਰਸਿਟੀ ਜਾਂ ਕਾਲਜ ਵਿਖੇ ਇੱਕ ਸ਼ਰਤੀਆ ਸਥਾਨ (ਦਾਖਲਾ) ਹੈ ਜੋ ਤੁਹਾਡੇ ਗ੍ਰੇਡ 'ਤੇ ਨਿਰਭਰ ਕਰਦਾ ਹੈ।

ਤੁਹਾਡਾ ਸਕੂਲ ਜਾਂ ਕਾਲਜ ਤੁਹਾਨੂੰ ਸਾਡੀਆਂ ਨਤੀਜਾ ਸੇਵਾਵਾਂ ਬਾਰੇ ਪੂਰਾ ਵੇਰਵਾ ਦੇ ਸਕੇਗਾ। ਤੁਸੀਂ **www.sqa.org.uk/resultsservices** ਤੇ ਵੀ ਹੋਰ ਜਾਣਕਾਰੀ ਲੈ ਸਕਦੇ ਹੋ।

# ਪਰੀਖਿਆ ਵਾਲੇ ਦਿਨ

## ਆਪਣੀ ਪਰੀਖਿਆ ਲਈ ਪਹੁੰਚਣਾ

ਤੁਹਾਨੂੰ ਪਰੀਖਿਆ ਦੇ ਸ਼ੁਰੂ ਹੋਣ ਤੋਂ 10 ਮਿੰਟ ਪਹਿਲਾਂ ਪਰੀਖਿਆ ਕਮਰੇ ਦੇ ਬਾਹਰ ਪਹੁੰਚ ਜਾਣਾ ਚਾਹੀਦਾ ਹੈ। ਜੇਕਰ ਤੁਸੀਂ ਲੇਟ ਹੋ ਜਾਂਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਉਸ ਦਿਨ SQA ਪਰੀਖਿਆਵਾਂ ਦੇ ਇੰਚਾਰਜ ਅਧਿਆਪਕ ਜਾਂ ਲੈਕਚਰਾਰ ਨੂੰ ਸੂਚਿਤ ਕਰਨਾ ਚਾਹੀਦਾ ਹੈ। ਉਹ ਤੁਹਾਨੂੰ ਦੱਸਣਗੇ ਕਿ ਕੀ ਤੁਸੀਂ ਪਰੀਖਿਆ ਵਿੱਚ ਬੈਠ ਸਕਦੇ ਹੋ।

## ਜੇ ਕੁਝ ਅਕਲਪਿਤ ਵਾਪਰਦਾ ਹੈ, ਅਤੇ ਉਸ ਦਿਨ ਮੇਰੀ ਕਾਰਗੁਜ਼ਾਰੀ ਪ੍ਰਭਾਵਿਤ ਹੁੰਦੀ ਹੈ, ਜਾਂ ਮੈਂ ਪਰੀਖਿਆ ਵਿੱਚ ਹੀ ਨਹੀਂ ਬੈਠ ਸਕਦਾ/ਸਕਦੀ ਤਾਂ ਕੀ ਕਰਨਾ ਚਾਹੀਦਾ ਹੈ?

ਜਿੰਨੀ ਜਲਦੀ ਹੋ ਸਕੇ, ਤੁਹਾਨੂੰ ਜਾਂ ਤੁਹਾਡੇ ਮਾਤਾ-ਪਿਤਾ ਜਾਂ ਤੁਹਾਡੇ ਦੇਖਭਾਲਕਰਤਾ ਨੂੰ ਤੁਹਾਡੇ ਸਕੂਲ ਜਾਂ ਕਾਲਜ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਉਹ ਤੁਹਾਡੇ ਵਿਕਲਪਾਂ 'ਤੇ ਚਰਚਾ ਕਰ ਸਕਣਗੇ ਅਤੇ ਇਸ ਬਾਰੇ ਕਿ ਕੀ ਤੁਸੀਂ 'ਅਪਵਾਦਕ ਹਾਲਾਤ' ਵਿਚਾਰਨ ਦੇ ਹੱਕਦਾਰ ਹੋਵੋਗੇ ਜਾਂ ਨਹੀਂ। ਅਜਿਹਾ ਕਰਨ ਲਈ, ਤੁਹਾਡੇ ਸਕੂਲ ਜਾਂ ਕਾਲਜ ਨੂੰ ਸਾਡੇ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ। ਉਹਨਾਂ ਨੂੰ ਲਾਜ਼ਮੀ ਤੌਰ 'ਤੇ, ਪਰੀਖਿਆ ਦੇ 10 ਦਿਨਾਂ ਦੇ ਅੰਦਰ-ਅੰਦਰ ਅਜਿਹਾ ਕਰਨਾ ਪਵੇਗਾ, ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਜਿੰਨੀ ਜਲਦੀ ਹੋ ਸਕੇ ਉਨ੍ਹਾਂ ਨਾਲ ਗੱਲ ਕਰੋ।

## ਵਰਜਿਤ ਵਸਤਾਂ

ਵਰਜਿਤ ਵਸਤਾਂ ਉਹ ਵਸਤਾਂ ਹੁੰਦੀਆਂ ਹਨ ਜੋ ਪਰੀਖਿਆ ਕਮਰੇ ਵਿੱਚ ਤੁਹਾਡੇ ਕੋਲ ਨਿਰਧਾਰਤ ਸੀਟ ਜਾਂ ਡੈਸਕ ਤੇ ਲਾਜ਼ਮੀ ਤੌਰ 'ਤੇ ਨਹੀਂ ਹੋਣੀਆਂ ਚਾਹੀਦੀਆਂ, ਜਦੋਂ ਤੱਕ ਕਿ ਸਾਡੇ ਵੱਲੋਂ ਉਹਨਾਂ ਦੀ ਤੁਹਾਡੇ ਵੱਲੋਂ ਦਿੱਤੀ ਜਾ ਰਹੀ ਪਰੀਖਿਆ ਲਈ ਮੁਲਾਂਕਣ ਪ੍ਰਬੰਧਨ ਦੇ ਹਿੱਸੇ ਵਜੋਂ ਮਨਜ਼ੂਰੀ ਨਾ ਦਿੱਤੀ ਗਈ ਹੋਵੇ।

ਵਰਜਿਤ ਵਸਤਾਂ ਵਿੱਚ ਹੇਠ ਲਿਖੀਆਂ ਵਸਤਾਂ ਸ਼ਾਮਲ ਹਨ:

ਮੋਬਾਇਲ ਫੋਨ

ਇਲੈਕਟ੍ਰੋਨਿਕ ਉਪਕਰਣ ਜਿਵੇਂ ਕਿ, ਆਈਪੋਡ, ਟੈਬਲੇਟ, ਸਮਾਰਟਵਾਚ ਜਾਂ ਕੋਈ ਹੋਰ ਯੰਤਰ ਜੋ ਜਾਣਕਾਰੀ ਨੂੰ ਸਟੋਰ ਕਰਦਾ ਹੈ ਜਾਂ ਇੰਟਰਨੈੱਟ ਨਾਲ ਜੁੜ ਸਕਦਾ ਹੈ

ਵਾਧੂ ਜਾਣਕਾਰੀ - ਕਿਤਾਬਾਂ, ਨੋਟ੍ਸ, ਸਕੈੱਚ ਜਾਂ ਕਾਗਜ਼ ਅਤੇ ਤੁਹਾਡੇ ਕੱਪੜਿਆਂ ਜਾਂ ਸ਼ਰੀਰ ਤੇ ਕੋਈ ਲਿਖਾਵਟ

ਪੈਂਸਿਲ ਕੇਸ ਜਾਂ ਕੈਲਕੁਲੇਟਰ ਕੇਸ

ਕੈਲਕੁਲੇਟਰ, ਉਨ੍ਹਾਂ ਪਰੀਖਿਆਵਾਂ ਨੂੰ ਛੱਡ ਕੇ ਜਿੱਥੇ ਕੈਲਕੁਲੇਟਰਾਂ ਦੀ ਆਗਿਆ ਹੁੰਦੀ ਹੈ

ਡਿਕਸ਼ਨਰੀਆਂ, ਉਨ੍ਹਾਂ ਪਰੀਖਿਆਵਾਂ ਨੂੰ ਛੱਡ ਕੇ ਜਿੱਥੇ ਡਿਕਸ਼ਨਰੀਆਂ ਦੀ ਆਗਿਆ ਹੁੰਦੀ ਹੈ



Mobile phone




Electronic devices such as iPods, tablets, smartwatches or any other device that can connect to the internet or stores information



Books, notes, sketches or paper including anything written on your clothes or body



Pencil case/calculator case



Calculator – except in specified exams



Dictionary – except in specified exams

ਪਰੀਖਿਆ ਕਮਰੇ ਵਿਚ ਆਪਣੀ ਸੀਟ 'ਤੇ ਜਾਣ ਤੋਂ ਪਹਿਲਾਂ, ਆਪਣੇ ਬੈਗਾਂ ਅਤੇ ਜੇਬਾਂ ਦੀ ਧਿਆਨ ਨਾਲ ਜਾਂਚ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਕੋਲ ਇਹ ਚੀਜ਼ਾਂ ਨਹੀਂ ਹਨ। ਤੁਹਾਨੂੰ ਲਾਜ਼ਮੀ ਤੌਰ ’ਤੇ ਕੋਈ ਵੀ ਵਰਜਿਤ ਵਸਤੂ ਆਪਣੀ ਸੀਟ ਤੇ ਨਹੀਂ ਲੈ ਕੇ ਜਾਣੀ ਚਾਹੀਦੀ। ਤੁਹਾਨੂੰ ਪਹਿਲਾਂ ਤੋਂ ਯੋਜਨਾ ਬਣਾ ਲੈਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਇੱਕ ਸੁਰੱਖਿਅਤ ਜਗ੍ਹਾ 'ਤੇ ਰੱਖ ਦੇਣਾ ਚਾਹੀਦਾ ਹੈ।

ਜਦੋਂ ਖ਼ਾਸ ਵਸਤਾਂ ਦੀ ਪਰੀਖਿਆ ਵਿੱਚ ਆਗਿਆ ਹੁੰਦੀ ਹੈ, ਤੁਹਾਨੂੰ ਲਾਜ਼ਮੀ ਤੌਰ ’ਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ SQA ਵਿਨਿਯਮਾਂ ਨੂੰ ਪੂਰਾ ਕਰਦੀਆਂ ਹਨ। ਤੁਹਾਡੇ ਅਧਿਆਪਕ ਜਾਂ ਲੈਕਚਰਾਰ ਤੁਹਾਨੂੰ ਵਧੇਰੇ ਜਾਣਕਾਰੀ ਦੇ ਸਕਣਗੇ। ਤੁਹਾਨੂੰ ਲਾਜ਼ਮੀ ਤੌਰ ’ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਸਤਾਂ ਤੁਹਾਨੂੰ ਅਜਿਹੀ ਜਾਣਕਾਰੀ ਤੱਕ ਪਹੁੰਚ ਨਹੀਂ ਕਰਨ ਦਿੰਦੀਆਂ ਜਿਨ੍ਹਾਂ ਦੀ ਤੁਹਾਨੂੰ ਪਰੀਖਿਆ ਵਿਚ ਆਗਿਆ ਨਹੀਂ ਹੁੰਦੀ। ਤੁਹਾਨੂੰ ਪਰੀਖਿਆ ਦੇ ਦੌਰਾਨ ਆਪਣਾ ਕੋਈ ਵੀ ਸਾਜ਼ੋ-ਸਮਾਨ ਕਿਸੇ ਨਾਲ ਵੀ ਸਾਂਝਾ ਕਰਨ ਦੀ ਇਜਾਜ਼ਤ ਨਹੀਂ ਹੁੰਦੀ।

## ਨਿਰੀਖਕ

ਉਹ ਲੋਕ ਜੋ ਪਰੀਖਿਆਵਾਂ ਦੀ ਨਿਗਰਾਨੀ ਕਰਦੇ ਹਨ, 'ਨਿਰੀਖਕ' ਕਹਾਉਂਦੇ ਹਨ। ਉਹਨਾਂ ਦਾ ਕੰਮ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਤੁਹਾਡੀਆਂ ਪਰੀਖਿਆਵਾਂ ਨਿਯਮਾਂ ਦੇ ਮੁਤਾਬਕ ਹੋਣ ਅਤੇ ਨਿਯਮ ਇਮਾਨਦਾਰੀ ਨਾਲ ਲਾਗੂ ਹੋ ਰਹੇ ਹਨ। ਤੁਹਾਨੂੰ ਉਨ੍ਹਾਂ ਨਿਰਦੇਸ਼ਾਂ ਨੂੰ ਸੁਣਨਾ ਅਤੇ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਨਿਰੀਖਕ ਤੁਹਾਨੂੰ ਦਿੰਦੇ ਹਨ।

ਜੇਕਰ ਪਰੀਖਿਆ ਦੇ ਦੌਰਾਨ, ਤੁਹਾਡੇ ਨਾਲ ਕੁਝ ਵੀ ਅਕਲਪਿਤ ਵਾਪਰਦਾ ਹੈ, ਜਿਵੇਂ ਕਿ ਬਿਮਾਰ ਮਹਿਸੂਸ ਕਰਨਾ, ਤਾਂ ਤੁਹਾਨੂੰ ਫੌਰੀ ਤੌਰ ਤੇ ਨਿਰੀਖਕ ਨੂੰ ਦੱਸਣਾ ਚਾਹੀਦਾ ਹੈ।

## ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਿਕਾਵਾਂ

ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਪ੍ਰਸ਼ਨ ਪੱਤਰ ਦੇ ਮੂਹਰੇ ਦਿੱਤੀਆਂ ਗਈਆਂ ਹਿਦਾਇਤਾਂ ਨੂੰ ਪੜ੍ਹੋ ਅਤੇ ਵਿਸ਼ਾ ਅਤੇ ਪੱਧਰ ਦੇ ਸਹੀ ਹੋਣ ਦੀ ਜਾਂਚ ਕਰੋ।

ਤੁਸੀਂ ਇਹਨਾਂ ਵਿੱਚੋਂ **ਕੋਈ ਇੱਕ** ਪ੍ਰਾਪਤ ਕਰੋਗੇ:

- ਇੱਕ ਸੰਯੁਕਤ ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਿਕਾ - ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਵੇਰਵੇ ਸਪਸ਼ਟ ਰੂਪ ਵਿੱਚ ਪੁਸਤਿਕਾ ਦੇ ਪਹਿਲੇ ਪੰਨੇ ਉੱਤੇ ਦਿੱਤੇ ਖਾਨਿਆਂ ਵਿੱਚ ਭਰਨੇ ਚਾਹੀਦੇ ਹਨ।
  **ਜਾਂ**
- ਇੱਕ ਵੱਖਰਾ ਪ੍ਰਸ਼ਨ ਪੱਤਰ ਅਤੇ ਉੱਤਰ ਪੁਸਤਿਕਾ - ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਵੇਰਵੇ ਸਪਸ਼ਟ ਤੌਰ 'ਤੇ ਉੱਤਰ ਪੁਸਤਿਕਾ ਦੇ ਪਹਿਲੇ ਪੰਨੇ' ਤੇ ਦਿੱਤੇ ਗਏ ਖਾਨਿਆਂ ਵਿੱਚ ਭਰਨੇ ਚਾਹੀਦੇ ਹਨ।

ਜੇਕਰ ਤੁਸੀਂ ਪੇਪਰ ਦੀਆਂ ਵਾਧੂ ਸ਼ੀਟਾਂ ਦੀ ਵਰਤੋਂ ਕਰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਹਰੇਕ ਸ਼ੀਟ ਉੱਤੇ ਆਪਣਾ ਨਾਮ, ਸਕੌਟਿਸ਼ ਪਰੀਖਿਆਰਥੀ ਨੰਬਰ (SCN) ਅਤੇ ਸਕੂਲ ਜਾਂ ਕਾਲਜ ਦਾ ਨਾਮ ਲਿਖਣਾ ਚਾਹੀਦਾ ਹੈ ਅਤੇ ਇਹਨਾਂ ਨੂੰ ਆਪਣੀ ਉੱਤਰ ਪੁਸਤਿਕਾ ਦੇ ਅੰਦਰ ਪਾਉਣਾ ਚਾਹੀਦਾ ਹੈ।

ਜੇਕਰ ਤੁਹਾਨੂੰ ਵਾਧੂ ਪੇਪਰ ਦੀ ਲੋੜ ਹੋਵੇ, ਤਾਂ ਆਪਣਾ ਹੱਥ ਖੜ੍ਹਾ ਕਰਕੇ ਨਿਰੀਖਕ ਨੂੰ ਆਖੋ। ਕੁਝ ਵਿਸ਼ਿਆਂ 'ਚ, ਉੱਤਰ ਪੁਸਤਿਕਾ ਦੇ ਅੰਤ ਵਿੱਚ ਤੁਹਾਨੂੰ ਵਾਧੂ ਪੰਨੇ ਜਾਂ ਗ੍ਰਾਫ਼ ਪੇਪਰ ਮਿਲਣਗੇ।

ਆਪਣੇ ਪ੍ਰਸ਼ਨ ਪੱਤਰ 'ਤੇ ਚੰਗੀ ਤਰ੍ਹਾਂ ਨਾਲ ਕੰਮ ਕਰੋ ਜਦੋਂ ਤੱਕ ਤੁਸੀਂ ਪ੍ਰਸ਼ਨ ਪੱਤਰ ਦੀ ਸਮਾਪਤੀ (END OF QUESTION PAPER) ਕਥਨ ਨਹੀਂ ਦੇਖਦੇ। ਇਸ ਤੋਂ ਬਾਅਦ ਤੁਹਾਡੇ ਲਈ ਉੱਤਰ ਦੇਣ ਲਈ ਹੋਰ ਕੁੱਝ ਨਹੀਂ ਹੋਵੇਗਾ।

ਇੱਕ ਪ੍ਰਸ਼ਨ ਪੱਤਰ ਵਿੱਚ, ਜਿੰਨ੍ਹਾਂ ਪੰਨਿਆਂ ਉੱਤੇ ਕੋਈ ਪ੍ਰਸ਼ਨ ਜਾਂ ਹਿਦਾਇਤਾਂ ਨਹੀਂ ਲਿਖੀਆਂ ਹੋਣਗੀਆਂ, ਉਹਨਾਂ ਪੰਨਿਆਂ ਉੱਤੇ ਖਾਲੀ ਪੰਨਾ (BLANK PAGE) ਲਿਖਿਆ ਹੋਵੇਗਾ। ਕੋਈ ਵੀ ਪੰਨਾ ਪੂਰੀ ਤਰ੍ਹਾਂ ਖਾਲੀ ਨਹੀਂ ਹੋਣਾ ਚਾਹੀਦਾ। ਜੇਕਰ ਤੁਸੀਂ ਪ੍ਰਸ਼ਨ ਪੱਤਰ ਦੀ ਸਮਾਪਤੀ (END OF QUESTION PAPER) ਕਥਨ ਤੋਂ ਪਹਿਲਾਂ ਕੋਈ ਵੀ ਖ਼ਾਲੀ ਪੰਨਾ ਦੇਖਦੇ ਹੋ, ਤਾਂ ਇਸ ਬਾਰੇ ਨਿਰੀਖਕ ਨੂੰ ਦੱਸੋ।

## ਆਪਣੇ ਉੱਤਰ ਲਿਖਣੇ

ਤੁਹਾਨੂੰ ਲਾਜ਼ਮੀ ਤੌਰ ’ਤੇ ਕਾਲੀ ਜਾਂ ਨੀਲੀ ਸਿਆਹੀ ਵਾਲਾ ਪੈੱਨ ਵਰਤਣਾ ਚਾਹੀਦਾ ਹੈ। ਜੈੱਲ ਪੈੱਨਾਂ ਦੀ ਵਰਤੋਂ ਨਾ ਕਰੋ ਕਿਉਂਕਿ ਇਹ ਫਿੱਕੇ ਪੈ ਸਕਦੇ ਹਨ।

ਇਹ ਅਹਿਮ ਹੈ ਕਿ ਅੰਕਕ (ਮਾਰਕਰ) ਤੁਹਾਡੀ ਲਿਖਾਈ ਨੂੰ ਪੜ੍ਹ ਸਕਣ। ਉਹ ਤੁਹਾਡਾ ਕੰਮ ਪੜ੍ਹਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ, ਪਰ ਜੇਕਰ ਤੁਹਾਡੀ ਲਿਖਾਈ ਪੜ੍ਹਨੀ ਔਖੀ ਹੈ, ਤਾਂ ਉਹ ਨੰਬਰ ਨਹੀਂ ਦੇ ਸਕਣਗੇ। ਬਿਨਾਂ ਲਾਈਨਾਂ ਵਾਲੇ ਪੰਨਿਆਂ ਤੇ ਲਿਖਦੇ ਹੋਏ, ਲਾਈਨਾਂ ਵਿਚਕਾਰ ਲਗਭਗ 1 ਸੈਂਟੀਮੀਟਰ ਦੀ ਜਗ੍ਹਾਂ ਛੱਡਣ ਦੀ ਕੋਸ਼ਿਸ਼ ਕਰੋ।

ਕੁੱਝ ਵਿਸ਼ਿਆਂ ਵਿੱਚ, ਮਾੜੇ ਸ਼ਬਦ-ਜੋੜ ਅਤੇ ਵਿਸ਼ਰਾਮ ਚਿੰਨ੍ਹਾਂ ਦਾ ਨਤੀਜਾ ਵੀ ਨੰਬਰ ਨਾ ਦਿੱਤੇ ਜਾਣ ਦੇ ਰੂਪ ਵਿੱਚ ਨਿਕਲ ਸਕਦਾ ਹੈ। ਜੇਕਰ ਤੁਹਾਡੀ ਇਸ ਬਾਰੇ, ਜਾਂ ਆਪਣੀ ਲਿਖਾਈ ਬਾਰੇ ਕੋਈ ਚਿੰਤਾਵਾਂ ਹਨ, ਤਾਂ ਤੁਹਾਨੂੰ ਆਪਣੇ ਅਧਿਆਪਕ ਜਾਂ ਲੈਕਚਰਾਰ ਨਾਲ ਗੱਲ ਕਰਨੀ ਚਾਹੀਦੀ ਹੈ।

ਜੇਕਰ ਤੁਸੀਂ ਕਿਸੇ ਪ੍ਰਸ਼ਨ ਲਈ ਇੱਕ ਤੋਂ ਵੱਧ ਕੋਸ਼ਿਸ਼ ਕਰਦੇ ਹੋ, ਤਾਂ ਕਿਸੇ ਵੀ ਕੱਚੇ ਕੰਮ ਜਾਂ ਕਿਸੇ ਵੀ ਅਣਚਾਹੇ ਉੱਤਰਾਂ ਉੱਪਰ ਕਾਟਾ ਮਾਰਨਾ ਯਾਦ ਰੱਖੋ।

## ਪਰੀਖਿਆ ਕਮਰੇ ਤੋਂ ਬਾਹਰ ਜਾਣਾ

ਜੇਕਰ ਤੁਸੀਂ ਜਲਦੀ ਖ਼ਤਮ ਕਰ ਲੈਂਦੇ ਹੋ ਜਾਂ ਜਿੰਨਾਂ ਪੇਪਰ ਤੁਸੀਂ ਕਰ ਸਕਦੇ ਹੋ, ਓਨਾ ਕਰ ਲਿਆ ਹੈ, ਅਤੇ ਤੁਸੀਂ ਪਰੀਖਿਆ ਕਮਰੇ ਤੋਂ ਬਾਹਰ ਜਾਣਾ ਚਾਹੁੰਦੇ ਹੋ, ਤਾਂ ਆਪਣਾ ਹੱਥ ਖੜ੍ਹਾ ਕਰਕੇ ਨਿਰੀਖਕ ਤੋਂ ਜਾਣ ਦੀ ਇਜਾਜ਼ਤ ਲਈ ਆਖ ਸਕਦੇ ਹੋ। ਜੇਕਰ ਪਰੀਖਿਆ ਇੱਕ ਘੰਟੇ ਤੋਂ ਵੱਧ ਸਮੇਂ ਦੀ ਹੈ, ਤਾਂ ਨਿਰੀਖਕ ਤੁਹਾਨੂੰ 30 ਮਿੰਟਾਂ ਬਾਅਦ ਜਾਣ ਦੀ ਆਗਿਆ ਦੇ ਸਕਦੇ ਹਨ। ਜੇਕਰ ਪਰੀਖਿਆ ਇੱਕ ਘੰਟੇ ਤੋਂ ਘੱਟ ਸਮੇਂ ਦੀ ਹੈ, ਤਾਂ ਤੁਹਾਨੂੰ ਪਰੀਖਿਆ ਦੇ ਖਤਮ ਹੋਣ ਤੱਕ ਪਰੀਖਿਆ ਕਮਰੇ ਵਿੱਚ ਰਹਿਣਾ ਪਵੇਗਾ।

ਤੁਹਾਡੇ ਜਾਣ ਤੋਂ ਪਹਿਲਾਂ, ਤੁਹਾਨੂੰ ਆਪਣੇ ਸਾਰੇ ਪਰੀਖਿਆ ਦੇ ਕਾਗਜ਼ ਨਿਰੀਖਕ ਨੂੰ ਜ਼ਰੂਰ ਦੇਣੇ ਚਾਹੀਦੇ ਹਨ, ਜਿਸ ਵਿੱਚ ਕੋਈ ਵੀ ਉੱਤਰ ਪੁਸਤਕਾਵਾਂ, ਵਾਧੂ ਸ਼ੀਟਾਂ, ਪ੍ਰਸ਼ਨ ਪੱਤਰ ਅਤੇ ਡੇਟਾ ਪੁਸਤਕਾਵਾਂ ਸ਼ਾਮਲ ਹੁੰਦੇ ਹਨ। ਜੇਕਰ ਤੁਸੀਂ ਪਰੀਖਿਆ ਕਮਰੇ ਤੋਂ ਬਾਹਰ ਜਾਣ ਤੋਂ ਪਹਿਲਾਂ ਨਿਰੀਖਕ ਨੂੰ ਪਰੀਖਿਆ ਦੇ ਕਾਗਜ਼ ਨਹੀਂ ਦਿੰਦੇ ਤਾਂ ਤੁਸੀਂ ਸਬੰਧਤ ਪੇਪਰ ਲਈ ਸਾਰੇ ਅੰਕ ਗੁਆ ਸਕਦੇ ਹੋ।

## ਡੈਸਕ

ਬਹੁਤੇ ਸਕੂਲਾਂ ਅਤੇ ਕਾਲਜਾਂ ਵਿੱਚ, ਤੁਹਾਨੂੰ ਹਰੇਕ ਪਰੀਖਿਆ ਲਈ ਇੱਕ ਡੈਸਕ ਜਾਂ ਸੀਟ ਨੰਬਰ ਦਿੱਤਾ ਜਾਵੇਗਾ। ਯਕੀਨੀ ਬਣਾਓ ਕਿ ਤੁਹਾਨੂੰ ਇਹ ਨੰਬਰ ਪਰੀਖਿਆ ਤੋਂ ਪਹਿਲਾਂ ਪਤਾ ਹੋਵੇ।

## ਨਿਰਪੱਖਤਾ

ਪਰੀਖਿਆ ਦੇ ਦੌਰਾਨ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਦਾ ਇੱਕ ਨਿਰਪੱਖ ਮੌਕਾ ਸਭ ਨੂੰ ਮਿਲਣਾ ਚਾਹੀਦਾ ਹੈ। ਪਰੀਖਿਆ ਦੇ ਦੌਰਾਨ ਨਕਲ ਕਰਨਾ ਅਤੇ ਵਿਘਨ ਦਾ ਕਾਰਨ ਬਣਨਾ ਦੂਜੇ ਉਮੀਦਵਾਰਾਂ ਲਈ ਨਾਜਾਇਜ਼ ਹੁੰਦਾ ਹੈ। ਨਕਲ ਕਰਨ ਅਤੇ ਨਾਜਾਇਜ਼ ਵਿਵਹਾਰ (ਪਰੀਖਿਆਰਥੀ ਦਾ ਗਲਤ ਵਿਵਹਾਰ) ਦੀਆਂ ਉਦਾਹਰਨਾਂ ਵਿੱਚ ਇਹ ਸ਼ਾਮਲ ਹਨ।

- ਪਰੀਖਿਆ ਕਮਰੇ ਵਿੱਚ ਆਪਣੀ ਸੀਟ 'ਤੇ ਤੁਹਾਡੇ ਕੋਲ ਵਰਜਿਤ ਵਸਤਾਂ ਦਾ ਹੋਣਾ
- ਕੋਈ ਹੋਰ ਹੋਣ ਦਾ ਵਿਖਾਵਾ ਕਰਨਾ ਜਾਂ ਕਿਸੇ ਹੋਰ ਨੂੰ ਆਪਣੀ ਥਾਂ ਤੇ ਪਰੀਖਿਆ ਵਿੱਚ ਬੈਠਣ ਲਈ ਲਿਆਉਣਾ
- ਪਰੀਖਿਆ ਕਮਰੇ ਵਿੱਚ ਵਿਘਨਕਾਰੀ ਵਤੀਰਾ
- ਅੱਖੜ, ਬਦਜ਼ੁਬਾਨ, ਅਪਮਾਨਜਨਕ ਜਾਂ ਵਿਤਕਰੇ ਭਰੀ ਭਾਸ਼ਾ ਜਾਂ ਚਿੱਤਰਾਂ ਦੀ ਵਰਤੋਂ ਕਰਨਾ
- ਕਿਸੇ ਹੋਰ ਪਰੀਖਿਆਰਥੀ ਤੋਂ ਨਕਲ ਕਰਨਾ
- ਮਿਲੀ-ਭਗਤ – ਆਪਣੇ ਵਿਅਕਤੀਗਤ ਕੰਮ ਵਿੱਚ ਹੋਰਾਂ ਪਰੀਖਿਆਰਥੀਆਂ ਨਾਲ ਕੰਮ ਕਰਨਾ ਜੋ ਕਿ ਲਾਜ਼ਮੀ ਤੌਰ ’ਤੇ ਤੁਹਾਡਾ ਆਪਣਾ ਕੰਮ ਹੋਣਾ ਚਾਹੀਦਾ ਹੈ।
- ਸਾਹਿਤਕ-ਚੋਰੀ – ਉਚਿਤ ਢੰਗ ਨਾਲ ਸੰਦਰਭ ਸ੍ਰੋਤਾਂ ਨੂੰ ਨਾ ਦਰਸਾਉਣਾ ਜਾਂ ਕਿਸੇ ਹੋਰ ਦੇ ਕੰਮ ਨੂੰ ਇੰਝ ਪੇਸ਼ ਕਰਨਾ ਜਿਵੇਂ ਕਿ ਉਹ ਤੁਹਾਡਾ ਆਪਣਾ ਹੀ ਕੰਮ ਹੋਵੇ

ਨਕਲ ਕਰਨ ਜਾਂ ਨਾਜਾਇਜ਼ ਵਿਵਹਾਰ ਦੇ ਤੁਹਾਡੇ ਨਤੀਜੇ ਅਤੇ ਤੁਹਾਡੇ ਭਵਿੱਖ ਦੇ ਉੱਤੇ ਗੰਭੀਰ ਪਰਿਣਾਮ ਹੋ ਸਕਦੇ ਹਨ। ਇਸ ਵਿੱਚ ਸ਼ਾਮਲ ਹੋ ਸਕਦੇ ਹਨ - ਨੰਬਰ ਗਵਾ ਦੇਣਾ, ਘੱਟ ਗ੍ਰੇਡ ਪ੍ਰਾਪਤ ਕਰਨਾ ਜਾਂ ਤੁਹਾਡੀ ਯੋਗਤਾ ਰੱਦ ਕਰਨਾ। ਤੁਹਾਡਾ ਸਕੂਲ ਜਾਂ ਕਾਲਜ ਇਸ ਬਾਰੇ ਵਧੇਰੇ ਜਾਣਕਾਰੀ ਦੇ ਸਕਦੇ ਹਨ।

***ਪਿਛਲੇ ਕਵਰ ਦੇ ਅੰਦਰ (SCNਕਾਰਡ ਵੀ ਸ਼ਾਮਲ ਹੋਵੇ)***

## ਯਾਦ ਰੱਖੋ:

✓ ਠੀਕ ਸਮੇਂ 'ਤੇ ਪਹੁੰਚੋ - ਪਰੀਖਿਆ ਸ਼ੁਰੂ ਹੋਣ ਤੋਂ ਘੱਟੋ-ਘੱਟ 10 ਮਿੰਟ ਪਹਿਲਾਂ।

✓ ਸਹੀ ਉਪਕਰਣ ਲਿਆਓ – ਕਾਲੇ ਜਾਂ ਨੀਲੇ ਰੰਗ ਦੀ ਸਿਆਹੀ ਵਾਲਾ ਪੈੱਨ, ਆਦਿ।

✓ ਇਹ ਜਾਂਚ ਲਵੋ ਕਿ ਤੁਹਾਡੇ ਕੋਲ ਤੁਹਾਡੀ ਸੀਟ 'ਤੇ ਕੋਈ ਵੀ ਵਰਜਿਤ ਵਸਤੂ ਨਹੀਂ ਹੈ।

✓ ਇਹ ਜਾਂਚ ਲਵੋ ਕਿ ਤੁਹਾਨੂੰ ਠੀਕ ਪ੍ਰਸ਼ਨ ਪੱਤਰ ਦਿੱਤਾ ਗਿਆ ਹੈ।

✓ ਆਪਣੇ ਕੰਮ ਦੇ ਹਰੇਕ ਹਿੱਸੇ ਉੱਪਰ ਆਪਣਾ ਨਾਮ, SCN ਅਤੇ ਆਪਣੇ ਸਕੂਲ ਜਾਂ ਕਾਲਜ ਦਾ ਨਾਮ ਲਿਖੋ (ਵੱਖਰੀਆਂ ਉੱਤਰ ਪੁਸਤਕਾਵਾਂ ਅਤੇ ਉੱਤਰ ਸ਼ੀਟਾਂ ਸਮੇਤ)।

✓ ਸਪਸ਼ਟ ਲਿਖੋ ਤਾਂ ਜੋ ਮਾਰਕਰ ਤੁਹਾਡੇ ਉੱਤਰ ਪੜ੍ਹ ਸਕਣ।

✓ ਸਾਰੀਆਂ ਹਿਦਾਇਤਾਂ ਪੜ੍ਹੋ ਅਤੇ ਪਰੀਖਿਆ ਨਿਗਰਾਨ (Invigilator) ਦੁਆਰਾ ਕੀਤੀਆਂ ਗਈਆਂ ਕਿਸੇ ਵੀ ਘੋਸ਼ਣਾਵਾਂ ਨੂੰ ਧਿਆਨ ਨਾਲ ਸੁਣੋ।

✓ ਕੋਈ ਵੀ ਕੱਚਾ ਕੰਮ ਜੋ ਕਿ ਤੁਹਾਡੇ ਉੱਤਰ ਦਾ ਹਿੱਸਾ ਨਹੀਂ ਹੈ, ਦੇ ਉੱਪਰ ਕਾਟਾ ਮਾਰੋ।

✓ ਪਰੀਖਿਆ ਖਤਮ ਹੋਣ ਤੱਕ ਕਮਰੇ ਵਿਚ ਹੀ ਰਹੋ। ਤੁਸੀਂ ਪਰੀਖਿਆ ਨਿਗਰਾਨ ਦੀ ਇਜਾਜ਼ਤ ਨਾਲ ਹੀ ਪਹਿਲਾਂ ਜਾ ਸਕਦੇ ਹੋ।

× ਕਿਸੇ ਵੀ ਵਰਜਿਤ ਵਸਤਾਂ ਨੂੰ ਆਪਣੀ ਸੀਟ ਤੇ ਨਾ ਲੈ ਕੇ ਜਾਓ।

× ਵਿਘਨਕਾਰੀ ਤਰੀਕੇ ਨਾਲ ਵਿਵਹਾਰ ਨਾ ਕਰੋ ਜਾਂ ਕਿਸੇ ਪਰੇਸ਼ਾਨੀ ਦਾ ਕਾਰਨ ਨਾ ਬਣੋ।

× ਕਿਸੇ ਹੋਰ ਤੋਂ ਨਕਲ ਨਾ ਕਰੋ।

× ਕਿਸੇ ਨਾਲ ਵੀ ਆਪਣਾ ਕੰਮ ਸਾਂਝਾ ਨਾ ਕਰੋ।

× ਕਿਸੇ ਨਾਲ ਵੀ ਉਪਕਰਣ ਸਾਂਝਾ ਨਾ ਕਰੋ।

× ਆਪਣੇ ਉੱਤਰਾਂ ਵਿੱਚ ਅਖੱੜ, ਬਦਜ਼ੁਬਾਨ, ਅਪਮਾਨਜਨਕ ਜਾਂ ਵਿਤਕਰੇ-ਭਰੀ ਭਾਸ਼ਾ ਜਾਂ ਤਸਵੀਰਾਂ ਦੀ ਵਰਤੋਂ ਨਾ ਕਰੋ।

**ਕਿਰਪਾ ਕਰਕੇ ਆਪਣੇ ਸਕੌਟਿਸ਼ ਪਰੀਖਿਆਰਥੀ ਨੰਬਰ ਕਾਰਡ ਨੂੰ ਪਾੜ ਕੇ ਵੱਖ ਕਰ ਦਿਓ।**

### SCN ਕਾਰਡ

ਸੈਂਟਰ ਦਾ ਨਾਮ:

ਤੁਹਾਡਾ ਨਾਮ:

ਜਨਮ ਮਿਤੀ:

ਸਕੌਟਿਸ਼ ਪਰੀਖਿਆਰਥੀ ਨੰਬਰ:

### ਮਹੱਤਵਪੂਰਨ ਵੇਰਵੇ

- ਕਾਰਡ ਤੇ ਆਪਣੇ ਸੈਂਟਰ ਦਾ ਨਾਮ, ਆਪਣਾ ਨਾਮ, ਜਨਮ ਮਿਤੀ ਅਤੇ SCN ਲਿਖੋ।

- ਜੇ ਕਾਰਡ ਤੇ ਕੋਈ ਅਣਅਧਿਕਾਰਤ ਜਾਣਕਾਰੀ ਮਿਲਦੀ ਹੈ, ਤਾਂ ਤੁਹਾਡਾ ਪਰੀਖਿਆ ਪ੍ਰਵੇਸ਼ ਰੱਦ ਹੋ ਸਕਦਾ ਹੈ ਅਤੇ ਹੋ ਸਕਦਾ ਹੈ ਕਿ ਤੁਹਾਨੂੰ ਕੋਈ ਨਤੀਜਾ ਪ੍ਰਾਪਤ ਨਾ ਹੋਵੇ।
- ਆਪਣੇ ਸਥਾਈ ਘਰ ਦੇ ਪਤੇ ਵਿੱਚ ਕਿਸੇ ਵੀ ਤਬਦੀਲੀ ਬਾਰੇ ਆਪਣੇ ਸਕੂਲ ਜਾਂ ਕਾਲਜ ਨੂੰ ਤੁਰੰਤ ਦੱਸੋ।
- ਜੇ ਇਹ ਗੁੰਮ ਜਾਂ ਖਰਾਬ ਹੋ ਜਾਂਦਾ ਹੈ ਤਾਂ ਤੁਹਾਨੂੰ ਇਸ ਦੇ ਬਦਲੇ ਇੱਕ ਹੋਰ ਕਾਰਡ ਨਹੀਂ ਮਿਲ ਸਕਦਾ।

## Customer Contact Centre (ਗਾਹਕ ਸੰਪਰਕ ਕੇਂਦਰ)

ਫ਼ੋਨ: 0345 279 1000

ਵੈੱਬਸਾਈਟ: **www.sqa.org.uk**

BD7899 ਫਰਵਰੀ 2020